ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਮੈਸ: ਐਸਜੈਡ ਸਟੀਲ ਪ੍ਰਾਈਵੇਟ ਲਿਮਟਿਡ, ਪਿੰਡ ਬੋਹਾ ਅਤੇ ਗਾਮੀਵਾਲਾ, ਰਤੀਆ ਰੋਡ, ਤਹਿਸੀਲ ਬੁੱਢਲਾਡਾ, ਜਿਲਾ ਮਾਨਸਾ ਵਿਖੇ ਇੱਕ ਸਟੀਲ ਮੈਨੂਫੈਕਚਰਿੰਗ ਸਟੀਲ ਯੂਨਿਟ ਲਗਾਉਣ ਲਈ ਵਾਤਾਵਰਨ ਕਲੀਅਰੈਂਸ ਲੈਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ **27.10.2023** ਦੀ ਕਾਰਵਾਈ ।

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ

1. ਸ੍ਰੀ ਅਮਰਿੰਦਰ ਸਿੰਘ ਮੱਲੀ, ਪੀ.ਸੀ.ਐਸ.
   ਸਬ ਡਵੀਜਨਲ ਮੈਜਿਸਟ੍ਰੇਟ, ਸਰਦੂਲਗੜ
   (ਵਾਧੂ ਚਾਰਜ ਬੁੱਢਲਾਡਾ), ਜਿਲਾ ਮਾਨਸਾ

2. ਇੰਜ: ਰਵੀ ਪਾਲ,
   ਵਾਤਾਵਰਣ ਇੰਜੀਨੀਅਰ (ਮੈਗਾ)
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਮੁੱਖ ਦਫਤਰ, ਪਟਿਆਲਾ ।

3. ਇੰਜ: ਹਰਸਿਮਰਨ ਸਿੰਘ,
   ਸਹਾਇਕ ਵਾਤਾਵਰਣ ਇੰਜੀਨੀਅਰ
   ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
   ਖੇਤਰੀ ਦਫਤਰ, ਬਠਿੰਡਾ ।

ਵਾਤਾਵਰਣ ਇੰਜੀਨੀਅਰ (ਮੈਗਾ), ਪੰਜਾਬ ਪ੍ਰਦੂਸਣ ਰੋਕਥਾਮ ਬੋਰਡ, ਪਟਿਆਲਾ ਨੇ ਮੈਸ: ਐਸਜੈਡ ਸਟੀਲ ਪ੍ਰਾਈਵੇਟ ਲਿਮਟਿਡ, ਵੱਲੋ ਪਿੰਡ ਬੋਹਾ ਅਤੇ ਗਾਮੀਵਾਲਾ, ਰਤੀਆ ਰੋਡ, ਤਹਿਸੀਲ ਬੁੱਢਲਾਡਾ, ਜਿਲਾ ਮਾਨਸਾ ਵਿਖੇ ਇੱਕ ਸਟੀਲ ਮੈਨੂਫੈਕਚਰਿੰਗ ਸਟੀਲ ਯੂਨਿਟ ਲਗਾਉਣ ਲਈ ਦਿੱਤੀ ਗਈ ਅਰਜੀ ਤੇ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਅਤੇ ਨਿਗਰਾਨੀ ਕਰਨ ਆਏ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ/ਇਲਾਕੇ ਦੇ ਲੋਕਾਂ ਦਾ ਸਵਾਗਤ ਕੀਤਾ । ਉਹਨਾਂ ਨੇ ਦੱਸਿਆ ਕਿ ਮੈਸ: ਐਸਜੈਡ ਸਟੀਲ ਪ੍ਰਾਈਵੇਟ ਲਿਮਟਿਡ, ਨੇ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ ਨੂੰ ਈ.ਆਈ.ਏ. ਨੋਟੀਫਿਕੇਸਨ ਨੰਬਰ 1533 (ਈ) ਮਿਤੀ 14.9.2006 ਦੇ ਤਹਿਤ ਵਲੋਂ 11.61 ਏਕੜ ਜਮੀਨ ਜੋ ਕਿ ਪਿੰਡ ਬੋਹਾ ਅਤੇ ਗਾਮੀਵਾਲਾ, ਰਤੀਆ ਰੋਡ, ਤਹਿਸੀਲ ਬੁੱਡਲਾਢਾ, ਜਿਲਾ ਮਾਨਸਾ ਵਿੱਖੇ ਸਥਿਤ ਹੈ, ਵਿੱਚ ਇੱਕ ਇੰਡਕਸਨ ਫਰਨਸ, ਜਿਸ ਦੀ ਕਪੈਸ਼ਟੀ 20 ਟਨ/ਹੀਟ, ਇੱਕ ਰੋਲਿੰਗ ਮਿੱਲ ਅਤੇ ਇੱਕ ਪਾਈਪ ਪਲਾਂਟ ਲਗਾਕੇ ਇੰਗਟਸ / ਬਿਲਟਸ / ਸਟਰਿਪਸ / ਐਂਗਲ / ਚੈਨਲ/ ਰਾਂਊਂਡ/ ਸਕੇਅਰ/ ਪੱਤਰਾ / ਪਾਇਪਸ 305 ਟਨ/ਦਿਨ ਬਨਾਉਣ ਦੀ ਤਜਵੀਜ਼ ਹੈ। ਪਹਿਲਾਂ, ਸਟੇਟ ਲੈਵਲ ਇਨਵਾਇਰਮੇਂਟ ਇੰਮਪੈਕਟ ਅਸੈਸਮੇਂਟ ਅਥਾਰਟੀ (ਸੀਆ), ਪੰਜਾਬ ਵਲੋਂ ਸਨਅਤ ਦੀ ਅਰਜ਼ੀ ਵਿਚਾਰਣ ਉਪਰੰਤ ਡਰਾਫਟ ਈ.ਆਈ.ਏ. ਸਟੱਡੀ ਰਿਪੋਰਟ ਤਿਆਰ ਕਰਨ ਲਈ ਸਨਅਤ ਨੂੰ "ਟਰਮਜ਼ ਆਫ ਰੈਫਰੇਂਸ" ਜਾਰੀ ਕੀਤੇ ਸਨ । ਹੁਣ ਈ.ਆਈ.ਏ. ਨੋਟੀਫਿਕੇਸਨ ਮਿਤੀ 14.9.2006 ਅਧੀਨ ਤੈਅ ਵਿਧੀ ਅਨੁਸਾਰ ਜਨਤਕ ਸੁਣਵਾਈ ਕਰਵਾਉਣ ਲਈ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਕੋਲ ਡਰਾਫਟ ਈ.ਆਈ.ਏ ਰਿਪੋਰਟ ਜਮਾਂ ਕਰਵਾਈ ਹੈ । ਵਾਤਾਵਰਣ ਇੰਜੀਨੀਅਰ (ਮੈਗਾ) ਨੇ ਹਾਜਰ ਜਨਤਾ ਨੂੰ ਸਨਅਤ ਵਲੋਂ ਦੱਸੀ ਗਈ ਜਗਾ ਤੇ ਪ੍ਰਸਤਾਵਿਤ ਪ੍ਰੋਜੈਕਟ ਲਈ ਉਪਰੋਕਤ ਦਰਸਾਈ ਵਾਤਾਵਰਣ ਕਲੀਅਰੈਂਸ ਲੈਣ ਵਾਸਤੇ ਜਮਾਂ ਕਰਵਾਈ ਗਈ ਅਰਜ਼ੀ ਤੇ ਫੈਸਲਾ ਲੈਣ ਤੋ ਪਹਿਲਾਂ ਲੋਕ ਸੁਣਵਾਈ ਕਰਨ ਦੀ ਜਰੂਰਤ ਬਾਰੇ ਦੱਸਿਆ । ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਇੰਡਸਟਰੀ ਨੇ ਡਰਾਫਟ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਖਲਾਸੇ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫਤਰ ਡਿਪਟੀ ਕਮਿਸਨਰ, ਮਾਨਸਾ; ਚੇਅਰਮੈਨ, ਜਿਲਾ ਪ੍ਰੀਸ਼ਦ, ਮਾਨਸਾ, ਜਨਰਲ ਮੈਨੇਜਰ, ਜਿਲਾ ਇੰਡਸਟਰੀਅਲ ਸੈਟਰ, ਮਾਨਸਾ; ਕਾਰਜ਼ਕਾਰੀ ਅਫਸਰ, ਨਗਰ



Scanned with CamScanner

ਪੰਚਾਇਤ ਬੋਹਾ, ਰਿਜਨਲ ਦਫਤਰ ਐਮ.ਓ.ਈ.ਐਫ., ਚੰਡੀਗੜ੍ਹ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਖੇਤਰੀ ਦਫਤਰ, ਬਠਿੰਡਾ ਵਿੱਚ ਰੱਖੀਆਂ ਗਈਆਂ ਸਨ, ਤਾਂ ਜੋ ਉਥੇ ਪਬਲਿਕ (ਜਨਤਾ) ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਤਿੰਨ ਮਹੱਤਵਪੂਰਨ ਅਖਬਾਰਾਂ ਅਰਥਾਤ 'ਦਿ ਟ੍ਰਿਬਿਊਨ' ਅਤੇ 'ਪੰਜਾਬੀ ਟ੍ਰਿਬਿਊਨ' ਮਿਤੀ 27.09.2023 ਨੂੰ ਪ੍ਰਕਾਸ਼ਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਤਾਰੀਖ ਅਤੇ ਸਮੇ ਦਾ ਪਤਾ ਲੱਗ ਜਾਵੇ ਅਤੇ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਡਰਾਫਟ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਖੁਲਾਸਾ ਕਿਸ ਦਫਤਰ ਵਿੱਚ ਸੁਣਵਾਈ ਤੋ ਪਹਿਲਾਂ ਵੇਖਿਆ ਜਾ ਸਕਦਾ ਹੈ ਅਤੇ ਜਨਤਕ ਸੁਣਵਾਈ ਦੀ ਮਿਤੀ 27.10.2023 ਨਿਰਧਾਰਿਤ ਕੀਤੀ ਗਈ ਸੀ । ਇਸ ਉਪਰੰਤ ਉਹਨਾਂ ਪ੍ਰੋਜੈਕਟ ਪ੍ਰੋਪੋਨੈਂਟ ਦੇ ਨੁਮਾਇੰਦੇ ਜੋ ਕਿ ਸਨਅਤ ਦੇ ਵਾਤਾਵਰਣ ਸਲਾਹਕਾਰ ਵੀ ਹਨ, ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਈ.ਆਈ.ਏ.ਰਿਪੋਰਟ ਖਰੜਾ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਸ੍ਰੀ ਚਰਨਜੀਤ ਸਿੰਘ, ਮੈਸ: ਈਕੋ ਲੈਬਟਰੀਜ਼ ਐਂਡ ਕੰਨਸਲਟੈਂਟ ਪ੍ਰਾਈਵੇਟ ਲਿਮਟਿਡ, ਪ੍ਰੋਜੈਕਟ ਪ੍ਰੋਪੋਨੈਂਟ ਦੇ ਵਾਤਾਵਰਣ ਸਲਾਹਕਾਰ ਨੇ ਜਨਤਾ ਨੂੰ ਪ੍ਰਸਤਾਵਿਤ ਵਾਧੇ ਦੇ ਪ੍ਰੋਜੈਕਟ ਬਾਰੇ ਵਿਸਥਾਰ ਹੇਠ ਲਿਖੇ ਅਨੁਸਾਰ ਬਿਆਨ ਕੀਤਾ:-

| | | | |
|---|---|---|---|
| 1. | ਪ੍ਰੋਜੈਕਟ ਦਾ ਨਾਂ | : | ਮੈਸ: ਐਸਜੈਡ ਸਟੀਲ ਪ੍ਰਾਈਵੇਟ ਲਿਮਟਿਡ, |
| 2. | ਪ੍ਰੋਜੈਕਟ ਦੀ ਕਿਸਮ | : | ਸੈਕੰਡਰੀ ਸਟੀਲ ਨਿਰਮਾਣ ਇਕਾਈ |
| 3. | ਸਥਾਨ | : | ਪਿੰਡ ਬੋਹਾ ਅਤੇ ਗਾਮੀਵਾਲਾ, ਰਤੀਆ ਰੋਡ, ਤਹਿਸੀਲ ਬੁੱਢਲਾਡਾ, ਜਿਲਾ ਮਾਨਸਾ |
| 4. | ਭੁੱਠੀਆਂ | : | ਇੱਕ ਇੰਡਕਸ਼ਨ ਫਰਨਸ, ਜਿਸ ਦੀ ਕਪੈਸ਼ਟੀ 20 ਟਨ/ਹੀਟ, ਇੱਕ ਰੋਲਿੰਗ ਮਿੱਲ ਅਤੇ ਇੱਕ ਪਾਈਪ ਪਲਾਂਟ |
| 5. | 10 ਕਿ.ਮੀ ਦੇ ਘੇਰੇ ਦੀਆਂ ਵਿਸ਼ੇਸ਼ਤਾਵਾਂ | (i) | ਪੁਰਾਤੱਤਵ ਮਹੱਤਵਪੂਰਣ ਸਥਾਨ ---- Nil |
| | | (ii) | ਜੰਗਲੀ ਜੀਵਨ ਅਸਥਾਨ ---- Nil |
| | | (iii) | ਰਿਜ਼ਰਵਡ/ ਸੁਰੱਖਿਅਤ ਜੰਗਲ ---- Nil |
| | | (iv) | ਇਤਿਹਾਸਕ ਸਥਾਨ ---- Nil |
| | | (v) | ਨਦੀ/ਨਹਿਰ ---- Nil |
| | | (vi) | ਉਦਯੋਗ ---- Nil |
| 6. | ਕੁਲ ਜ਼ਮੀਨ | : | 46,986 ਸਕੇਅਰ ਮੀਟਰ |
| 7. | ਉਤਪਾਦ ਦਾ ਨਾਮ | | (ਟਨ ਪ੍ਰਤੀ ਦਿਨ) |
| | ਇੰਗਟਸ / ਬਿਲਟਸ / ਸਟਰਿਪਸ / ਐਂਗਲ / ਚੈਨਲ/ ਰਾਂਊਂਡ/ ਸਕੇਅਰ/ ਪੱਤਰਾ / ਪਾਇਪਸ | | 305 ਟਨ/ਦਿਨ |

ਹ/ਪ੍ਰ



Scanned with CamScanner

| | | | |
|---|---|---|---|
| 8. | ਕੱਚਾ ਮਾਲ/ਸ੍ਰੋਤ | | • ਮੌਜੂਦਾ: ਸਕ੍ਰੈਪ ਅਤੇ ਫੇਰੋ ਅਲਾਇਜ - 320 ਟਨ/ਦਿਨ (<br>• ਸਰੋਤ ਅਤੇ ਆਵਾਜਾਈ: ਸਥਾਨਕ ਅਤੇ ਅੰਤਰਰਾਸਟਰੀ ਬਜ਼ਾਰ ਅਤੇ ਆਵਾਜਾਈ ਕਵਰ ਕੀਤੇ ਟਰੱਕਾਂ (ਲਗਭਗ 16 ਟਰੱਕ ਰੋਜ਼ਾਨਾ) ਨਾਲ ਹੋਵੇਗੀ । |
| 9. | ਕਾਮਿਆਂ ਦੀ ਗਿਣਤੀ | : | 100 |
| 10. | ਪ੍ਰੋਜੈਕਟ ਦੀ ਲਾਗਤ (ਰੁਪਏ) | : | 53.91 ਕਰੋੜ |
| 11. | ਪ੍ਰਦੂਸ਼ਣ ਕੰਟਰੋਲ ਸਿਸਟਮ ਦੀ ਲਾਗਤ (ਰੁਪਏ), ਓਐਚਐਸ, ਰਿਸਕ ਹਜਾਰਡਸ, ਕੰਟਰੋਲ | : | 128 ਲੱਖ ਅਤੇ<br>25 ਲੱਖ (ਆਵਰਤੀ) ਸਲਾਨਾ |
| 12. | ਲੋੜੀਦੀ ਬਿਜਲੀ (KW) | : | 11,500 ਕੇ.ਵੀ.ਏ |
| 13. | ਬਿਜਲੀ ਦਾ ਸ੍ਰੋਤ | : | ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ |
| 14. | ਲੋੜੀਦੀ ਪਾਣੀ (ਕਿਲੋ ਲੀਟਰ ਪ੍ਰਤੀ ਦਿਨ) | : | ਸਰੋਤ: ਬੋਰਵੈਲ<br>ਪ੍ਰੋਜੈਕਟ ਲਈ ਕੁਲ ਪਾਣੀ ਦੀ ਲੋੜ 116 ਕੇ.ਐਲ.ਡੀ ਹੋਣ ਦਾ ਅਨੁਮਾਨ ਹੈ, ਇਸ ਵਿੱਚੋ 24 ਕੇ.ਐਲ.ਡੀ ਕੂਲਿੰਗ ਮਕ਼ਸਦ ਲਈ ਮੈਕਅਪ ਵਾਟਰ ਡਿਮਾਂਡ ਹੋਵੇਗੀ, 7 ਕੇ.ਐਲ.ਡੀ ਘਰੈਲੂ ਪਾਣੀ ਦੀ ਮੰਗ ਹੋਵੇਗੀ ਅਤੇ 85 ਕੇ.ਐਲ.ਡੀ, ਹਰੇ ਖੇਤਰ ਲਈ ਪਾਣੀ ਦੀ ਮੰਗ ਹੋਵੇਗੀ। |
| 15. | ਪ੍ਰਦੂਸ਼ਿਤ ਪਾਣੀ ਦਾ ਮਾਤਰਾ | : | ਘਰੇਲੂ = 5.5<br>ਠੰਡਾ ਕਰਨਾ = ਰੀਸਕੁਲੇਸਨ |
| 16. | ਪ੍ਰਦੂਸ਼ਤ ਪਾਣੀ ਦਾ ਸ਼ੁੱਧੀਕਰਨ | : | ਵਿਸਤਾਰ ਤੋਂ ਬਾਅਦ **5.5** ਕੇਐਲਡੀ ਘਰੇਲੂ ਗੰਦੇ ਪਾਣੀ ਪੈਦਾ ਹੋਵੇਗਾ, ਜਿਸ ਨੂੰ **10** ਕੇਐਲਡੀ ਦੀ ਪ੍ਰਸਤਾਵਿਤ ਐਸ.ਟੀ.ਪੀ ਰਾਂਹੀ ਟਰੀਟ ਕੀਤਾ ਜਾਵੇਗਾ । **5** ਕੇਐਲਡੀ ਦੇ ਟਰੀਟ ਕੀਤੇ ਪਾਣੀ ਨੂੰ ਪ੍ਰੋਜੈਕਟ ਕੰਪਲੈਕਸ ਦੇ ਅੰਦਰ ਕੂਲਿੰਗ ਦੇ ਮਕ਼ਦ ਲਈ ਦੁਬਾਰਾ ਵਰਤਿਆ ਜਾਵੇਗਾ। ਕੋਈ ਉਦਯੋਗਿਕ ਗੰਦਾ ਪਾਣੀ ਪੈਦਾ ਨਹੀ ਹੋਵੇਗਾ। |
| 17. | ਵਾਯੂਮੰਡਲ ਹਵਾ ਦੀ ਗੁਣਵੱਤਾ | : | ਮੈਸ: ਐਸਜੈਡ ਸਟੀਲ ਪ੍ਰਾਈਵੇਟ ਲਿਮਟਿਡ ਦਾ ਬੇਸਲਾਈਨ ਡਾਟਾ ਮਾਰਚ ਤੋ ਮਈ, 2023 ਦੀ ਮਿਆਦ ਨੂੰ ਪ੍ਰੋਜੈਕਟ ਲਈ ਵਿਚਾਰਿਆ ਗਿਆ ਹੈ। NABL & MoEF&CC ਦੁਆਰਾ ਪ੍ਰਵਾਨਿਤ ਪ੍ਰਯੋਗਸਾਲਾ ਤੋ ਪ੍ਰੋਜੈਕਟ ਸਥਾਨ ਤੇ ਬੇਸਲਾਈਨ ਅਧਿਐਨ ਕਰਵਾਏ ਗਏ ਹਨ।<br>ਇਸ ਤਰਾਂ $PM_{2.5}$, $PM_{10}$, $SO_2$ & $NO_2$ ਪੱਧਰਾਂ (ਮਾਪਦੰਡਾਂ ਪ੍ਰਦੂਸ਼ਕ) ਦੇ ਨਾਲ ਨਾਲ $NH_3$ and $O_3$ ਦੀ 10 ਕਿਲੋਮੀਟਰ ਅਧਿਐਨ ਖੇਤਰ ਵਿੱਚ ਨੌ ਸਥਾਨਾਂ (ਪ੍ਰੋਜੈਕਟ ਸਾਈਟ ਸਮੇਤ) ਤੇ ਨਿਗਰਾਨੀ ਕੀਤੀ ਗਈ। ਨਿਗਰਾਨੀ ਸਟੇਸ਼ਨਾਂ ਦੀਆਂ ਸਾਈਟਾਂ ਪ੍ਰਮੁੱਖ ਹਵਾ ਦੀ ਦਿਸ਼ਾ ਨੂੰ ਧਿਆਨ ਵਿੱਚ ਰੱਖ |



Scanned with CamScanner

| | | | |
|---|---|---|---|
| | | | ਰਹੀਆਂ ਹਨ।<br>ਪ੍ਰੋਜੈਕਟ ਸਥਾਨ ਤੇ ਐਬੀਐਂਟ ਹਵਾ ਦੇ ਨਤੀਜ਼ੇ ਦੇ ਔਸਤ ਮੁੱਲ ਇਹ ਪਾਏ ਗਏ ਹਨ, PM10 45µg/m3 to 135µg/m3, PM2.5 24· to 73µg/m3, SO2 6µg/m3 to 13µg/m3, **ਅਤੇ** NO2 20 µg/m3 to 32 µg/m3, ਤੱਕ। ਉਦਯੋਗਿਕ/ਰਿਹਾਇਸੀ/ਪੇਂਡੂ ਅਤੇ ਹੋਰ ਖੇਤਰਾਂ ਲਈ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਨੈਸਨਲ ਐਬੀਐਂਟ ਏਅਰ ਕੁਆਲਟੀ ਸਟੈਡਰਡ NAAQS ਨਾਲ ਤੁਲਨਾ ਕਰਨ ਤੇ ਇਹ ਦੇਖਿਆ ਗਿਆ ਕਿ $PM_{10}$, $PM_{2.5}$ $SO_2$, $NO_2$ ਦੇ ਸਾਰੇ ਮੁੱਲ CO ਅਤੇ PH ਨਿਰਧਾਰਿਤ ਸੀਮਾਵਾਂ ਦੇ ਅੰਦਰ ਸਨ। ਇਹ ਸੜਕ ਨੈਟਵਰਕ (ਰਾਸਟਰੀ ਰਾਜਮਾਰਗ, ਰਾਜ ਮਾਰਗ ਅਤੇ ਸੰਪਰਕ ਸੜਕਾਂ) ਅਤੇ ਖੇਤਰ ਵਿੱਚ ਹੋਰ ਖੇਤੀ ਅਤੇ ਘਰੈਲੂ ਗਤੀਵਿਧੀਆਂ ਵਿੱਚ ਪਾਰੀ ਆਵਾਜਾਈ ਦੇ ਕਾਰਨ ਅਧਿਐਨ ਖੇਤਰ ਵਿੱਚ ਹਵਾ ਦੀ ਗੁਣਵਤਾ ਵਿੱਚ ਗਿਰਾਵਟ ਦਰਸਾਉਂਦਾ ਹੈ । |
| 18. | ਪਾਣੀ ਦੀ ਗੁਣਵੱਤਾ | : | ਰਸਾਇਨਿਕ ਅਤੇ ਜੈਵਿਕ ਵਿਸ਼ਲੇਸ਼ਣ ਲਈ ਅਧਿਐਨ ਖੇਤਰ ਦੇ 10 ਕਿਲੋਮੀਟਰ ਤੋ 9 ਧਰਤੀ ਹੇਠਲੇ ਪਾਣੀ ਦੇ ਨਮੂਨੇ ਅਤੇ ਇਕ ਸਤਹ ਪਾਣੀ ਦੇ ਨਮੂਨੇ ਇਕੱਤਰ ਕੀਤੇ ਗਏ ਸਨ। ਅਧਿਐਨ ਖੇਤਰ ਦੇ ਭੂਮੀਗਤ ਪਾਣੀ ਦੀ ਗੁਣਵੱਤਾ ਸੰਤੋਸ਼ਜਨਕ ਹੈ। ਪਾਣੀ ਦੀ ਗੁਣਵੱਤਾ ਵਿੱਚ ਕੋਈ ਧਾਤੂ ਜਾਂ ਬੈਕਟੀਰੀਆ ਦੀ ਗੰਦਗੀ ਨਹੀ ਪਾਈ ਗਈ। |
| 19. | ਸ਼ੋਰ ਵਾਤਾਵਰਣ | : | ਅਧਿਐਨ ਖੇਤਰ ਵਿੱਚ 5 ਸਥਾਨਾਂ ਤੇ ਵਾਤਾਵਰਨ ਸ਼ੋਰ ਦੇ ਪੱਧਰ ਤੇ ਨਿਗਰਾਨੀ ਕੀਤੀ ਗਈ। 4 ਪ੍ਰੋਜੈਕਟ ਕੋਨੇ ਅਤੇ ਪ੍ਰੋਜੈਕਟ ਦਾ ਇੱਕ ਕੇਂਦਰ । ਦਿਨ ਦੇ ਸਮੇਂ ਪ੍ਰੋਜੈਕਟ ਪਰਿਸਰ ਦੇ ਅੰਦਰ ਰਿਕਾਰਡ ਕੀਤੇ ਗਏ ਘੱਟੋ-ਘੱਟ ਸ਼ੋਰ ਪੱਧਰ 49.8 ਡੀ.ਬੀ.(ਏ) 64.2 ਡੀ.ਬੀ.(ਏ) ਤੇ ਬਦਲ ਦੇ ਹਨ ਅਤੇ ਰਾਤ ਦੇ ਸਮੇ 40.1 ਡੀ.ਬੀ. (ਏ) ਅਤੇ 54.6 ਡੀ.ਬੀ.(ਏ) ਤੋਂ ਬਦਲਦੇ ਹਨ ਅਤੇ ਰਾਤ ਦੇ ਸਮੇ 40.1 ਡੀਬੀਏ ਅਤੇ 54.6 ਡੀਬੀਏ ਸਨ । ਪ੍ਰਾਪਤ ਸ਼ੋਰ ਪੱਧਰ ਉਦਯੋਗਿਕ ਖੇਤਰ ਲਈ ਨਿਰਧਾਰਿਤ ਸੀਮਾਵਾਂ ਦੇ ਅੰਦਰ ਹੈ। |
| 20. | ਮਿੱਟੀ ਦੀ ਗੁਣਵੱਤਾ | : | ਅਧਿਐਨ ਖੇਤਰ ਤੋ ਅੱਠ ਮਿੱਟੀ ਦੇ ਨਮੂਨੇ ਇੱਕਤਰ ਕੀਤੇ ਗਏ ਸਨ ਅਤੇ ਵਿਸ਼ਲੇਸ਼ਣ ਕੀਤਾ ਗਿਆ ਸੀ। ਮਿੱਟੀ ਦੀ ਜੈਵਿਕ ਪਦਾਰਥ, ਨਾਈਟ੍ਰੋਜਨ, ਪੋਟਾਸ਼ੀਅਮ ਅਤੇ ਫਾਸਫੋਰਸ ਸਮੱਗਰੀ ਮੱਧਮ ਹੈ। ਸਾਰੇ ਮਿੱਟੀ ਦੇ ਨਮੂਨਿਆਂ ਦੇ pH ਸਵੀਕਾਰਯੋਗ ਸੀਮਾ ਦੇ ਅੰਦਰ ਹਨ। ਪ੍ਰਸਤਾਵਿਤ ਪਲਾਟ ਦਾ ਮਿੱਟੀ ਤੇ ਕੋਈ ਅਸਰ ਨਹੀ ਹੋਵੇਗਾ। |
| 21. | ਹਵਾ ਪ੍ਰਦੂਸ਼ਣ ਕੰਟਰੋਲ | : | ਇੰਡਕਸਨ ਫਰਨਸ ਤੇ ਪਲਸ ਜੈਟ ਬੈਗ ਫਿਲਟਰ ਵਾਲਾ ਸਾਈਡ ਸਕਸਨ ਹੁੱਡ ਦਿੱਤਾ ਜਾਵੇਗਾ। |



Scanned with CamScanner

| | | | |
|---|---|---|---|
| 22. | ਠੋਸ ਰਹਿੰਦ ਖੂਹੰਦ | : | ਘਰੈਲੂ ਠੋਸ ਰਹਿੰਦ ਖੂਹੰਦ: 24 ਕਿਲੋਗ੍ਰਾਮ/ਦਿਨ (ਵਿਸਤਾਰ ਤੋ ਬਾਅਦ)<br>ਸਲੈਗ: 7 ਟੀਪੀਡੀ (ਵਿਸਥਾਰ ਤੋਂ ਬਾਅਦ) ਜੋ ਕਿ ਪ੍ਰੋਸੈਸਿੰਗ ਲਈ ਕੰਕਰੀਟ ਬਲਾਕ/ਆਰਸੀਸੀ ਟਾਇਲਾਂ ਆਦਿ ਨਿਰਮਾਣ ਯੂਨਿਟਾਂ ਨੂੰ ਦਿੱਤਾ ਜਾਵੇਗਾ। |
| 23. | ਖਤਰਨਾਕ ਰਹਿੰਦ ਖੂੰਹਦ | : | ਵਿਸਤਾਰ ਤੋਂ ਬਾਅਦ, ਪ੍ਰੋਜੈਕਟ ਤੋ ਪੈਦਾ ਹੋਣ ਵਾਲੀ ਖਤਰਨਾਕ ਰਹਿੰਦ ਖੂਹਿੰਦ ਅਨੁਸੂਚੀ ਦੇ ਸ੍ਰੇਣੀ 35.1 ਦੇ ਅਧੀਨ ਨਿਕਾਸ ਹਵਾ ਜਾਂ ਗੈਸ ਦੀ ਸਫਾਈ ਦੀ ਰਹਿੰਦ ਖੂਹੰਦ ਦਾ 0.8 ਟੀ.ਪੀ.ਡੀ ਅਤੇ ਅਨੁਸੂਚੀ ਦੀ ਸ੍ਰੇਣੀ 5.1 ਦੇ ਅਧੀਨ ਵਰਤੇ ਗਏ ਤੇਲ ਦੇ 0.2 ਕੇ.ਵੀ.ਏ ਹੋਣ ਦਾ ਅਨੁਮਾਨ ਹੈ। ਏਪੀਸੀਡੀ ਧੂੜ ਦੇ ਨਿਪਟਾਰੇ ਲਈ ਮੈਸ: ਮਾਧਵ ਕੇ.ਆਰ.ਜੀ ਲਿਮਟਿਡ ਨਾਲ ਸਮਝੋਤਾ ਕੀਤਾ ਗਿਆ ਹੈ। |
| 24. | ਨਿਗਰਾਨੀ ਸੈਲ | | ਵਾਤਾਵਰਨ ਨਿਗਰਾਨੀ ਸੈੱਲ ਹੇਠ ਲਿਖੇ ਅਨੁਸਾਰ ਹੋਵੇਗੀ<br>• ਮਾਲਕ<br>• ਪ੍ਰੋਜੈਕਟ ਇੰਚਾਰਜ<br>• ਵਾਤਾਵਰਨ ਸਲਾਹਕਾਰ |
| 25. | ਵਾਧੂ ਵਾਤਾਵਰਣ ਗਤੀਵਿਧੀਆਂ | : | ਵਾਤਾਵਰਣ ਸੁਰੱਖਿਆ ਦੇ ਵੱਖ ਵੱਖ ਉਪਾਵਾਂ ਤੋਂ ਇਲਾਵਾ, ਪ੍ਰੋਜੈਕਟ ਦਾ ਪ੍ਰਸਤਾਵਕ ਆਪਣੀ ਸਮਾਜਿਕ ਜਿੰਮੇਵਾਰੀ ਅਤੇ ਕਿਸੇ ਵੀ ਚੰਗੇ ਕਾਰਪੋਰੇਟ ਨਾਗਰਿਕ ਵਜੋ ਚੇਤੰਨ ਹੈ। ਪ੍ਰੋਜੈਕਟ ਦੀ ਲਾਗਤ ਦੇ ਆਧਾਰ ਤੇ ਵਾਧੂ ਵਾਤਾਵਰਣ ਗਤੀਵਿਧਿਆਂ ਤਹਿਤ 20 ਲੱਖ ਰੁਪਏ ਅਲਾਟ ਕੀਤੇ ਗਏ ਹਨ। ਵਾਧੂ ਵਾਤਾਵਰਣ ਗਤੀਵਿਧੀਆਂ ਅਧੀਨ ਨੇੜਲੇ ਪਿੰਡ ਵਿੱਚ ਛੱਪੜ ਦੀ ਸਾਂਭ ਸੰਭਾਲ ਜਾਂ ਸੁੰਦਰੀਕਰਨ ਜਾਂ ਨਾਨਕ ਬਗੀਚੀ ਦਾ ਵਿਕਾਸ ਕੀਤਾ ਜਾਵੇਗਾ। ਇਸ ਤੋ ਇਲਾਵਾ ਜਨਤਕ ਸੁਣਵਾਈ ਦੋਰਾਨ ਉਠਾਏ ਗਏ ਮੁੱਦਿਆਂ ਨੂੰ ਵੀ ਵਾਧੂ ਵਾਤਾਵਰਣ ਗਤੀਵਿਧੀਆਂ ਵਜੋ ਲਿਆ ਜਾਵੇਗਾ। |

ਇਸ ਤੋ ਪਿੱਛੋ ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰਾਜੈਕਟ ਪ੍ਰਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਸਕਦੇ ਹਨ ਜਾਂ ਆਪਣੇ ਸੁਝਾਓ ਦੇ ਸਕਦੇ ਹਨ । ਇਹ ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋ ਮੰਗੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਸੀਆ ਪੰਜਾਬ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ । ਉਹਨਾਂ ਇਹ ਵੀ ਦੱਸਿਆ ਕਿ ਹੁਣ ਤੀਕ ਪ੍ਰਾਜੈਕਟ ਬਾਰੇ ਲਿਖਤੀ ਰੂਪ ਵਿੱਚ ਜਾਣਕਾਰੀ, ਟਿੱਪਣੀ, ਕੋਈ ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋ ਬੋਰਡ ਨੂੰ ਨਹੀ ਮਿਲੇ ਹਨ। ਇਸ ਲਈ ਉਹਨਾਂ ਲੋਕਾਂ ਨੂੰ ਬਾਰ-ਬਾਰ ਗੁਜਾਰਿਸ ਕੀਤੀ ਕਿ ਉਹ ਇੱਕ ਇੱਕ ਕਰਕੇ



Scanned with CamScanner

ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਸਨ । ਪਰ ਕਿਸੇ ਨੇ ਵੀ ਕੁਝ ਜਾਣਕਾਰੀ ਨਹੀ ਮੰਗੀ।

ਇਸ ਤੋਂ ਬਾਅਦ ਸੁਪਰਵਾਈਜਿੰਗ-ਕਮ-ਪ੍ਰਜਾਈਡਿੰਗ ਅਫਸਰ ਨੇ ਦੱਸਿਆ ਕਿ ਮੈਸ: ਐਸਜੈਡ ਸਟੀਲ ਪ੍ਰਾਈਵੇਟ ਲਿਮਟਿਡ ਇਸ ਜਗਾ ਉਪਰ ਇੱਕ ਸਟੀਲ ਮੈਨੂਫੈਕਚਰਿੰਗ ਯੂਨਿਟ ਲਗਾਉਣ ਜਾ ਰਹੀ ਹੈ ਅਤੇ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਅਤੇ ਪ੍ਰੋਜੈਕਟ ਪ੍ਰੋਪੋਨੈਂਟ ਦੇ ਵਾਤਾਵਰਣ ਸਲਾਹਕਾਰ ਨੇ ਇੰਡਸਟਰੀ ਵਲੋ ਪਾਣੀ ਅਤੇ ਹਵਾ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਇੰਡਸਟਰੀ ਵਲੋ ਜੋ ਪ੍ਰਸਤਾਵ ਦਿੱਤਾ ਗਿਆ ਹੈ ਉਸਦੀ ਜਾਣਕਾਰੀ ਦਿੱਤੀ ਹੈ। ਇੰਡਸਟਰੀ ਵਲੋ ਪ੍ਰੋਜੈਕਟ ਦੇ ਕੁਲ ਏਰੀਆ ਦਾ 33 ਪ੍ਰਤੀਸ਼ਤ ਏਰੀਆ ਗਰੀਨ ਬੈਲਟ ਲਈ ਰੱਖਿਆ ਗਿਆ ਗਿਆ ਤਾਂ ਜੋ ਹਵਾ ਪ੍ਰਦੂਸ਼ਣ ਨੂੰ ਰੋਕਿਆ ਜਾ ਸਕੇ। ਉਹਨਾਂ ਲੋਕਾਂ ਨੂੰ ਬਾਰ-ਬਾਰ ਗੁਜਾਰਿਸ਼ ਕੀਤੀ ਕਿ ਉਹ ਇੱਕ ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ/ਇਤਰਾਜ਼ ਬਿਨਾਂ ਕਿਸੇ ਡਰ ਦੇ ਮੰਗ ਸਕਦੇ ਸਨ ।

ਇਸ ਤੋ ਪਿੱਛੋ ਮੌਕੇ ਤੇ ਮੌਜੂਦ ਲੋਕਾਂ ਵੱਲੋ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਵਿਅਕਤੀ ਦਾ ਨਾਂ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ | ਸਵਾਲ/ਸਟੇਟਮੈਂਟ / ਸੂਚਨਾ / ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ |
|---|---|---|---|
| 1 | ਸ੍ਰੀ ਰਣਜੋਧ ਸਿੰਘ ਪੁੱਤਰ ਚਿਮਨ ਸਿੰਘ, ਵਾਸੀ ਪਿੰਡ ਬੋਹਾ, ਜਿਲਾ ਮਾਨਸਾ | ਉਸ ਨੇ ਪੁੱਛਿਆ ਕਿ ਇਸ ਪ੍ਰੋਜੈਕਟ ਤੋਂ ਜਿਆਦਾ ਪ੍ਰਦੂਸ਼ਣ ਤਾਂ ਨਹੀ ਹੋਵੇਗਾ?<br><br>ਉਸਨੇ ਇਹ ਵੀ ਪੁੱਛਿਆ ਕਿ ਇੱਥੇ ਕਿਸ ਕਿਸਮ ਦੇ ਦਰੱਖਤ ਲਗਾਏ ਜਾਣਗੇ? | ਇੰਡਸਟਰੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਇੰਡਕਸਨ ਫਰਨਸ ਉਪਰ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਸਾਈਡ ਸੁਕਸਨ ਹੁੱਡ ਸਮੇਤ ਪੱਲਸ ਜੈਟ ਬੈਗ ਫਿਲਟਰ ਲਗਾਇਆ ਜਾਵੇਗਾ। ਪ੍ਰੋਜੈਕਟ ਦੇ ਕੁਲ ਏਰੀਆ ਦਾ 33 ਪ੍ਰਤੀਸ਼ਤ ਏਰੀਆ ਉਪਰ ਗਰੀਨ ਬੈਲਟ ਲਗਾਈ ਜਾਵੇਗੀ ਤਾਂ ਜੋ ਹਵਾ ਪ੍ਰਦੂਸ਼ਣ ਨੂੰ ਰੋਕਿਆ ਜਾ ਸਕੇ। ਇੱਥੇ ਦਰੱਖਤ ਲੋਕਲ ਕਿਸਮ ਦੇ ਹੀ ਲਗਾਏ ਜਾਣਗੇ। ਇੰਡਸਟਰੀ ਵਿੱਚੋ ਕੋਈ ਪਾਣੀ ਦਾ ਪ੍ਰਦੂਸ਼ਣ ਨਹੀ ਹੋਵੇਗਾ । ਘਰੈਲੂ ਗੰਦੇ ਪਾਣੀ ਨੂੰ ਟਰੀਟ ਕਰਕੇ ਬਾਗਬਾਨੀ ਲਈ ਵਰਤਿਆ ਜਾਵੇਗਾ। |
| 2 | ਸ੍ਰੀ ਬਾਬੂ ਸਿੰਘ ਪੁੱਤਰ ਸ੍ਰੀ ਗੁਰਬਚਨ ਸਿੰਘ, ਵਾਸੀ ਪਿੰਡ ਸੇਰ ਖਾਂ, ਜਿਲਾ ਮਾਨਸਾ | ਉਸਨੇ ਪੁੱਛਿਆ ਕਿ ਰੁਜਗਾਰ ਇਲਾਕੇ ਦੇ ਲੋਕਾਂ ਨੂੰ ਦਿੱਤਾ ਜਾਵੇਗਾ । ਉਸਨੇ ਬੇਨਤੀ ਕੀਤੀ ਕਿ ਰੁਜਗਾਰ ਇਲਾਕੇ ਦੇ ਲੋਕਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਇਲਾਕੇ ਵਿੱਚ ਬੇਰੁਜਗਾਰੀ ਬਹੁਤ ਜਿਆਦਾ ਹੈ। | ਇੰਡਸਟਰੀ ਦੇ ਵਾਤਾਵਰਣ ਸਲਾਹਕਾਰ ਨੇ ਦੱਸਿਆ ਕਿ ਰੁਜਗਾਰ ਵਿੱਚ ਇਲਾਕੇ ਦੇ ਲੋਕਾਂ ਨੂੰ ਯੋਗਤਾ ਅਨੁਸਾਰ ਤਰਜੀਹ ਦਿੱਤੀ ਜਾਵੇਗੀ ਅਤੇ ਸਿਰਫ ਕੁਆਲੀਫਾਈਡ/ ਟੈਕਨੀਕਲ ਕਾਮੇ ਹੀ ਬਾਰੇ ਹੋ ਸਕਦੇ ਹਨ। |



Scanned with CamScanner

ਇਸ ਤੋਂ ਬਾਅਦ ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਕਿਹਾ ਕਿ ਉਹ ਵਿਅਕਤੀ ਹੱਥ ਖੜੇ ਕਰਨ ਜੋ ਕੰਪਨੀ ਦੇ ਪ੍ਰਸਤਾਵਿਤ ਯੋਜਨਾ ਦਾ ਸਮਰਥਨ ਕਰਦੇ ਹਨ । ਇਸ ਦੇ ਹੁੰਗਾਰੇ ਵਜੋ ਮੌਜੂਦ ਲੋਕਾਂ ਵਿੱਚੋਂ ਲਗਭਗ ਸਾਰੇ ਲੋਕਾਂ ਨੇ ਪ੍ਰਸਤਾਵਤ ਪ੍ਰੋਜੈਕਟ ਦੇ ਹੱਕ ਵਿੱਚ ਹੱਥ ਉਠਾ ਕੇ ਪੁਸਟੀ ਕੀਤੀ । ਉਸ ਤੋ ਬਾਅਦ ਇਹ ਕਿਹਾ ਗਿਆ ਕਿ ਜੋ ਇਹ ਪ੍ਰਸਤਾਵ ਕਰਨ ਦੇ ਹੱਕ ਵਿੱਚ ਨਹੀ ਹਨ ਉਹ ਹੱਥ ਖੜੇ ਕਰਨ, ਪ੍ਰੰਤੂ ਕਿਸੇ ਵੀ ਵਿਅਕਤੀ ਨੇ ਹੱਥ ਖੜਾ ਨਹੀਂ ਕੀਤਾ । ਇਸ ਪਬਲਿਕ ਹੀਰਿੰਗ ਵਿੱਚ 72 ਵਿਅਕਤੀਆਂ ਨੇ ਹਿੱਸਾ ਲਿਆ ।

ਸਰਵਜਨਕ ਸੁਣਵਾਈ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਜਨਤਾ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ ।

| | | |
|---|---|---|
| **(ਹਰਸਿਮਰਨ ਸਿੰਘ)**<br>ਸਹਾਂਇਕ ਵਾਤਾਵਰਣ ਇੰਜੀਨੀਅਰ<br>ਪੀਪੀਸੀਬੀ, ਖੇਤਰੀ ਦਫਤਰ,<br>ਬਠਿੰਡਾ | **(ਰਵੀ ਪਾਲ)**<br>ਵਾਤਾਵਰਣ ਇੰਜੀਨੀਅਰ (ਮੈਗਾ)<br>ਪੀਪੀਸੀਬੀ ਪਟਿਆਲਾ | **(ਅਮਰਿੰਦਰ ਸਿੰਘ ਮੱਲੀ), ਪੀ.ਸੀ.ਐਸ.**<br>ਸਬ ਡਵੀਜਨਲ ਮੈਜਿਸਟ੍ਰੇਟ,<br>ਸਰਦੂਲਗੜ (ਵਾਧੂ ਚਾਰਜ ਬੁੱਢਲਾਡਾ),<br>ਜਿਲਾ ਮਾਨਸਾ |



Scanned with CamScanner